# ਮਾਣਸ ਕੀ ਜਾਤ ਸਭੈ ਏਕ ਹੀ ਪਹਿਚਾਨਵੋ

ਬਹੁਤ ਲੰਮੇ ਅਰਸੇ ਦੌਰਾਨ ਵਿਕਸਿਤ ਹੋਇਆ ਪੰਜਾਬੀ ਸੋਚ ਦਾ ਇਕ ਬੁਨਿਆਦੀ ਸਿਧਾਂਤ ਇਹ ਹੈ ਕਿ ਤਮਾਮ ਮਨੁੱਖਤਾ ਇਕੋ ਹੀ ਹੈ ਅਤੇ ਇਹਦੀ ਬੁਨਿਆਦ ਇਕੋ ਹੈ। ਮਨੁੱਖ ਭਾਵੇ ਕਿਸੇ ਵੀ ਇਲਾਕੇ, ਮਜ਼ਹਬ, ਕੌਮ, ਜਮਾਤ, ਫਿਰਕੇ ਜਾਂ ਕਬੀਲੇ ਵਿਚ ਪੈਦਾ ਹੋਇਆ ਹੋਵੇ ਉਹ ਬੁਨਿਆਦੀ ਤੋਰ ਤੇ ਇਕੋ ਹੀ ਹਨ। ਉਨ੍ਹਾਂ ਦਾ ਰੰਗ, ਰੂਪ ਅਤੇ ਪਰਿਵਾਰ ਭਾਵੇ ਕਿਸੇ ਤਰਾਂ ਦੇ ਵੀ ਹੋਣ, ਵੱਖ ਵੱਖ ਹੋਣ, ਉਨ੍ਹਾਂ ਦੇ ਤੌਰ ਤਰੀਕੇ, ਰਸਮਾਂ ਅਤੇ ਰਿਵਾਜ ਭਾਵੇ ਵੱਖਰੇ ਹੋਣ ਪਰ ਬੁਨਿਆਦੀ ਤੌਰ ਤੇ ਉਹ ਇਕ ਹੀ ਹਨ। ਦੇਸ਼ ਕਾਲ ਕਰਕੇ ਇਹ ਫਰਕ ਹਨ ਪਰ ਸਾਰੀ ਮਨੁੱਖਤਾ ਇਕੋ ਹੀ ਹੈ। ਸਾਰੀ ਮਨੁੱਖਤਾ ਹੀ ਨਹੀਂ ਬਲਕਿ ਸਾਰੀ ਕਾਇਨਾਤ ਅਤੇ ਮਾਇਆ ਦੀ ਬੁਨਿਆਦ ਵੀ ਇਕੋ ਹੀ ਹੈ। ਰਿਗੁ ਵੇਦ ਵਿਚ ਕਿਹਾ ਗਿਆ ਹੈਃ

***ਇਕੋ ਸਤਮ ਵਿਪ੍ਰਾ ਬਹੁਦਾ ਵਦੰਤੀ***

ਇਹ ਸਭ ਕੁਝ ਜੋ ਹੋਂਦ ਵਿਚ ਹੈ ਮੌਜੂਦ ਹੈ ਅਤੇ ਹੋਂਦ ਵਿਚ ਆਉਂਦਾ ਹੈ ਇਹ ਬੁਨਿਆਦੀ ਤੌਰ ਤੇ ਇਕੋ ਹੀ ਹੈ। ਇਹਦੀ ਬੁਨਿਆਦ ਇਕੋ ਹੀ ਹੈ ਅਤੇ ਇਕੋ ਗਰਭ ਵਿਚੋਂ ਪੈਦਾ ਹੁੰਦਾ ਹੈ। ਵਿਦਵਾਨ ਇਹਨੂੰ ਵੱਖ ਵੱਖ ਕਹਿੰਦੇ ਹਨ ਕਿਉਂਕਿ ਇਹ ਵੱਖ ਵੱਖ ਰੂਪ ਵਿਚ ਜ਼ਾਹਿਰ ਹੁੰਦਾ ਹੈ ਅਤੇ ਦੇਖਿਆ ਜਾ ਸਕਦਾ ਹੈ ਅਤੇ ਘੋਖ ਕਰਨ ਲਈ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਪਰ ਇਸ ਸਾਰੇ ਪਸਾਰੇ ਦੀ ਬੁਨਿਆਦੀ ਏਕਤਾ ਸਮਝਣਾ ਬਹੁਤ ਹੀ ਜ਼ਰੂਰੀ ਹੈ। ਇਹ ਹੀ ਸੱਚਾਈ ਹੈ।

ਉਪਨਿਸ਼ਦਾਂ ਵਿਚ ਵੀ ਇਸ ਅਨੇਕ ਅਤੇ ਇਕ ਦੇ ਦਵੰਦ ਨੂੰ ਘੋਖਿਆ ਗਿਆ ਅਤੇ ਇਹ ਸਿੱਟਾ ਕੱਢਿਆ ਗਿਆਃ

***ਅਹਮ ਬ੍ਰਹਮਾਸਮੀ ਤਤ ਤਵਮ ਅਸੀ***

ਇਕ ਅਤੇ ਇਹਦੇ ਵੱਖਰੇ ਰੂਪ ਬੁਨਿਆਦੀ ਤੌਰ ਤੇ ਇਕੋ ਹੀ ਹਨ। ਇਕ ਮਨੁਖ ਅਤੇ ਤਮਾਮ ਕਾਇਨਾਤ ਅਤੇ ਪਸਾਰਾ ਬੁਨਿਆਦੀ ਤੌਰ ਤੇ ਇਕੋ ਹੀ ਹਨ। ਮਨੁਖ ਨੂੰ ਕਿਹਾ ਗਿਆ ਹੈ ਕਿ ਤੂੰ ਇਹ ਸਭ ਹੈਂ। ਇਸ ਤੋਂ ਅੱਡਰਾ ਨਹੀਂ।

ਕਠੋਪਨਿਸ਼ਦ ਕਹਿੰਦਾ ਹੈਃ

੧) `ਜਿਵੇਂ ਅੱਗ ਹੈ, ਹੈ ਇਹ ਇਕ ਹੀ ਪਰ ਜਿਥੇ ਬਾਲਣ ਹੋਵੇ ਉਥੇ ਲੱਗ ਜਾਂਦੀ ਹੈ ਤੇ ਵੱਖਰੀ ਲਗਦੀ ਹੈ। ਇਸ ਲਈ ਉਹ ਵੀ ਇਕੋ ਹੈ ਤੇ ਹਰੇਕ ਮਨੁਖ ਵਿਚੋਂ ਉਸ ਦੀ ਹੀ ਸੂਰਤ ਦਿਸਦੀ ਹੈ ਪਰ ਨਾਲ ਹੀ ਇਹਦੀ ਆਪਣੀ ਆਜ਼ਾਦ ਹੋਂਦ ਵੀ ਹੈ।`

੨) `ਜਿਵੇਂ ਹਵਾ ਹੈ, ਸੰਸਾਰ ਵਿਚ ਹਵਾ ਇਕੋ ਹੀ ਹੈ ਪਰ ਜਿਸ ਅੰਦਰ ਵਿਚ ਵੜਦੀ ਹੈ ਉਸ ਵਿਚੋਂ ਹੀ ਲੱਭ ਜਾਂਦੀ ਹੈ। ਇਸ ਲਈ ਉਹ ਵੀ ਇਕੋ ਹੈ ਤੇ ਉਸ ਦੀ ਹੀ ਸੂਰਤ ਹਰੇਕ ਇਨਸਾਨ ਵਿਚੋਂ ਦਿਸਦੀ ਹੈ ਹਾਲਾਂ ਕਿ ਉਸ ਦੀ ਆਪਣੀ ਆਜ਼ਾਦ ਤੌਰ ਤੇ ਵੀ ਹੋਂਦ ਹੈ।`

੩) `ਜਿਵੇਂ ਸੂਰਜ, ਸਾਰੀ ਦੁਨੀਆ ਦੀ ਅੱਖ, ਬਾਹਰੀ ਖ਼ਰਾਬੀਆਂ ਜੋ ਅੱਖਾਂ ਨੂੰ ਦਿਸਦੀਆਂ ਹਨ, ਨਾਲ ਪਲੀਤ ਨਹੀਂ ਹੁੰਦਾ ਉਸੇ ਤਰ੍ਹਾਂ ਉਹ ਵੀ ਜੋ ਹਰ ਸ਼ੈ ਵਿਚ ਹਾਜ਼ਰ ਹੈ, ਦੁਨੀਆ ਦੀਆਂ ਤੰਗੀਆਂ ਤੇ ਬੁਰਾਈਆਂ ਦਾ ਉਸ ਤੇ ਕੋਈ ਅਸਰ ਨਹੀਂ ਕਿਉਂਕਿ ਉਸ ਦੀ ਆਜ਼ਾਦ ਹਸਤੀ ਵੀ ਹੈ।`

੪) `ਸਾਰਿਆਂ ਵਿਚ ਹਾਜ਼ਰ ਨਾਜ਼ਰ ਇਕੋ ਮਾਲਕ ਹੈ ਜਿਸ ਤੋਂ ਹਰ ਸ਼ੈ ਉਪਜਦੀ ਹੈ। ਸਿਆਣੇ ਉਹ ਹਨ ਜੋ ਉਸ ਨੂੰ ਆਪਣੇ ਅੰਦਰ ਸਮਝਦੇ ਹਨ। ਉਹ ਖ਼ੁਸ਼ ਰਹਿੰਦੇ ਹਨ ਤੇ ਬਾਕੀ ਭਟਕਦੇ ਹਨ।`

੫) `ਇਕੋ ਹੀ ਸਦੀਵੀ ਸੋਚਣ ਹਾਰ ਹੈ, ਜੋ ਗੈਰ ਸਦੀਵੀ ਸੋਚਾਂ ਸੋਚਣ ਦੇ ਸਮਰੱਥ ਹੈ, ਬੇਸ਼ੱਕ ਉਹ ਹੈ ਇਕੋ ਹੀ ਪਰ ਸਾਰਿਆਂ ਦੀ ਇਛਾ ਪੂਰੀ ਕਰਦਾ ਹੈ। ਉਹ ਸਿਆਣੇ ਜੋ ਉਸ ਨੂੰ ਆਪਣੇ ਅੰਦਰੋਂ ਲੱਭ ਲੈਂਦੇ ਹਨ, ਉਨ੍ਹਾਂ ਨੂੰ ਸ਼ਾਂਤੀ ਮਿਲਦੀ ਹੈ ਬਾਕੀ ਭਟਕਦੇ ਹਨ।`

੬) `ਉਹ ਇਹ ਸਮਝਦੇ ਹੋਏ ਕਿ ਇਹ ਖ਼ੁਸ਼ੀ ਦੀ ਹੱਦ ਮਿਲ ਗਈ, ਕਹਿੰਦੇ ਹਨ, ਬੱਸ ਇਹੋ ਅਨੰਦ ਹੈ। ਪਰ ਮੈਨੂੰ ਇਹਨੂੰ ਕੀ ਸਮਝਾਂ? ਕੀ ਇਹ ਇਹਦੀ ਆਪਣੀ ਰੌਸ਼ਨੀ ਹੈ ਕਿ ਇਹ ਕਿਸੇ ਹੋਰ ਦੀ ਰੌਸ਼ਨੀ ਦੀ ਝਲਕ ਹੈ?`

੭) `ਸੂਰਜ ਨਹੀਂ ਚਮਕਦਾ, ਨਾਂ ਤਾਰੇ ਚਮਕਦੇ ਹਨ ਤੇ ਨਾਂ ਚੰਦ ਦੀ ਚਮਕ ਹੈ, ਨਾ ਬਿਜਲੀ ਵਿਚ ਚਮਕ ਹੈ ਤੇ ਨਾ ਹੀ ਅੱਗ ਵਿਚ ਆਪਣਾਂ ਕੁਝ ਹੈ। ਹਰ ਚੀਜ਼ ਵਿਚ ਉਸ ਦੀ ਹੀ ਚਮਕ ਹੈ, ਹਰ ਸ਼ੈ ਵਿਚ ਉਸ ਦਾ ਹੀ ਪਸਾਰਾ ਹੈ। ਉਸ ਦੀ ਹੀ ਰੌਸ਼ਨੀ ਹਰ ਚੀਜ਼ ਨੂੰ ਰੌਸ਼ਨ ਕਰਦੀ ਹੈ।`

ਬਾਬਾ ਫਰੀਦ ਹੋਰੀ ਵੀ ਕਾਇਨਾਤ, ਮਾਇਆ ਅਤੇ ਖ਼ਲਕਤ ਦੀ ਏਕਤਾ ਤੇ ਜ਼ੋਰ ਦੇ ਕੇ ਕਹਿੰਦੇ ਹਨਃ

*ਫਰੀਦਾ ਖਾਲਕੁ, ਖ਼ਲਕ ਮਹਿ ਖ਼ਲਕ ਵਸਿ ਰਬ ਮਹਿ*
*ਮੰਦਾ ਕਿਸ ਨੋ ਆਖੀਐ ਤਿਸੁ ਬਿਨੁ ਕੋਈ ਨਾਹਿ*

ਗੁਰੂ ਨਾਨਕ ਵੀ ਇਹੋ ਗੱਲ ਸਮਝਾਉਂਦੇ ਹਨਃ

*ਬਿਸਰਿ ਗਈ ਸਭਿ ਪ੍ਰੀਤ ਪਰਾਈ, ਜਬ ਸੇ ਸਾਧ ਸੰਗਤ ਮੈਂ ਪਾਈ,*
*ਨਾ ਕੋਈ ਅਪਨਾ ਨਾ ਹੀ ਬੇਗਾਨਾ ਸਗਲ ਸੰਗਤ ਹਮ ਕੋ ਬਨ ਆਈ*
*ਸਭ ਮੇਂ ਰਵਿ ਰਹਿਆ ਪ੍ਰਭ ਇਕੋ ਈ, ਕੋਟੀ ਕੋਟੀ ਨਾਨਕ ਬਿਗਸਾਈ*
*ਹਰ ਨੇ ਹਰ ਮੇਂ ਧੂਮ ਮਚਾਈ ਵਾਪਿਸ ਜੱਗ ਮੇਂ ਆਨ ਸਮਾਈ ਵੋਹੀ ਵੋਹੀ ਨਾ ਦੂਜਾ ਕੋਈ*
*ਗੁਰਾਂ ਇਕ ਦੇਹ ਬੁਝਾਈ ਸਭਨਾ ਜੀਆਂ ਕਾ ਇਕੋ ਦਾਤਾ ਸੋ ਮੈਂ ਵਿੱਸਰ ਨਾ ਜਾਈ*

ਸ਼ਾਹ ਹਸੈਨ ਵੀ ਦੱਸਦਾ ਹੈਃ

*ਸੱਜਣਾ ਬੋਲਣ ਦੀ ਜਾਇ ਨਾਹੀ*
*ਅੰਦਰ ਬਾਹਰ ਇਕਾ ਸਾਈਂ*
*ਕਿਸ ਨੂੰ ਆਖ ਸੁਣਾਈਂ।*
*ਇਕੋ ਦਿਲਬਰ ਸਭ ਘਟਿ ਰਵਿਆ*
*ਦੂਜਾ ਨਹੀਂ ਕਦਾਈਂ*

ਬੁੱਲੇ ਸ਼ਾਹ ਫਰਮਾਉਂਦਾ ਹੈਃ-

*ਤੱਕ ਬੁੱਝ ਕੌਣ ਛੁਪ ਆਇਆ ਹੈ*
*ਦੂਈ ਦੂਰ ਕਰੋ ਕੋਈ ਸ਼ੋਰ ਨਹੀਂ,*
*ਇਹ ਤੁਰਕ, ਹਿੰਦੂ ਕੋਈ ਹੋਰ ਨਹੀ,*
*ਸਭ ਸਾਧ ਕਹੋ, ਕੋਈ ਚੋਰ ਨਹੀਂ*
*ਹਰ ਘਟ ਵਿਚ ਆਪ ਸਮਾਇਆ ਹੈਂ*

ਸੁਲਤਾਨ ਬਾਹੂ ਕਹਿੰਦਾ ਹੈ ਃ-

*ਅਲਫ਼ ਅੱਲਾ ਚੰਬੇ ਦੀ ਬੂਟੀ ਮੁਰਸ਼ਦ ਦਿਲ ਵਿਚ ਲਾਈ ਹੂ,*
*ਅੰਦਰ ਬੂਟੀ ਬਾਹਰ ਬੂਟੀ, ਬੂਟੀ ਸ਼ੋਰ ਮਚਾਇਆ ਹੂ*

ਗੁਰੂ ਗੋਬਿੰਦ ਸਿੰਘ ਜੀ ਵੀ ਇਸ ਕਾਇਨਾਤ ਦੀ ਏਕਤਾ ਬਾਰੇ ਕਹਿੰਦੇ ਹਨਃ

*ਜੈਸੇ ਇਕ ਆਗ ਤੇ ਕਨੂਕਾ ਕੋਟੀ ਆਗ ਉਠੈ*
*ਨਿਆਰੇ ਨਿਆਰੇ ਹੋਵਕੇ ਫਿਰ ਆਗ ਮੇਂ ਮਿਲਾਹੰਗੇ*
*ਜੈਸੇ ਇਕ ਧੂਰੀ ਤੇ ਅਨੇਕ ਧਰੀ ਪੂਰਿਤ ਹੈਂ*
*ਧੂਰੀ ਕੇ ਕਨੂਕਾ ਫੇਰ ਧੂਰੀ ਹੀ ਸਮਾਹਿੰਗੇ*
*ਜੈਸੇ ਇਕ ਨਾਦ ਤੇ ਭਰੰਗ ਕੋਟੀ ਉਪਜਤ ਹੈ*
*ਪਾਨੀ ਕੇ ਤਰੰਗ ਸਭੈ ਪਾਨੀ ਹੀ ਕਹਾਹਿੰਗੇ*
*ਤੈਸੇ ਵਿਸ਼ਵਰੂਪ ਤੇ ਅਭੁਤ ਭੂਤ ਪ੍ਰਗਟ ਹੋਵੈ*
*ਤਾਂਹੀਂ ਤੇ ਉਪਜ ਸਭੈ ਤਾਂਹੀ ਮੇਂ ਸਮਾਹਿੰਗੇ*

ਖ਼ਵਾਜਾ ਗੁਲਾਮ ਫਰੀਦ ਵੀ ਇਸ ਏਕਤਾ ਤੇ ਜ਼ੋਰ ਦਿੰਦੇ ਹਨਃ

*ਐ ਹੁਸਨ ਹਕੀਕੀ ਨੂਰ ਅਜ਼ਲ ਤੈਨੂੰ ਵਾਜਬ ਤੇ ਅਮਕਾਨ ਕਹੂੰ*
*ਤੈਨੂੰ ਖ਼ਾਲਕ ਜ਼ਅਤ ਕਦੀਮ ਕਹੂੰ ਤੈਨੂੰ ਹਾਦਸ ਖ਼ਲਕ ਜਹਾਨ ਕਹੂੰ*
*ਤੈਨੂੰ ਅਰਸ਼ ਕਹੂੰ ਤੈਨੂੰ ਫਰਸ਼ ਕਹੂੰ ਹੈਵਾਨ ਕਹੂੰ ਇਨਸਾਨ ਕਹੂੰ*
*ਤੈਨੂੰ ਹਰ ਦਿਲ ਦਾ ਦਿਲਦਾਰ ਕਹੂੰ ਤੈਨੂੰ ਬਾਇਸ ਕੌਨ ਮਕਾਨ ਕਹੂੰ*

ਆਧੁਨਿਕ ਵਿਗਿਆਨ ਅਤੇ ਸਾਇੰਸ ਦੇ ਮੁਤਾਬਿਕ ਵੀ ਇਹ ਗੱਲ ਸਾਫ ਹੋ ਚੁੱਕੀ ਹੈ ਕਿ ਪਦਾਰਥ ਅਤੇ ਰਜਾ ਹੀ ਹਰੇਕ ਸ਼ੈ ਵਿਚ ਵੱਖਰੇ ਵੱਖਰੇ ਰੂਪ ਵਿਚ ਜ਼ਾਹਿਰ ਹੁੰਦੇ ਹਨ ਅਤੇ ਅਪਣੇ ਵਿਕਾਸ ਅਤੇ ਆਵਾਗਵਣ ਵਿਚ ਦਿਸਦੇ ਹਨ। ਹਰੇਕ ਸ਼ੈ ਗਤੀਮਾਨ ਹੈ। ਪਦਾਰਥ ਹਮੇਸ਼ਾ ਗਤੀਮਾਨ ਵਿਚ ਹੈ ਅਤੇ ਹਰ ਸ਼ੈ ਇਸ ਪਦਾਰਥ ਤੋਂ ਹੀ ਉਪਜਦੀ ਹੈ। ਪਦਾਰਥ ਅਤੇ ਊਰਜਾ ਗਤੀਮਾਨ ਹੀ ਰਹਿ ਸਕਦੇ ਹਨ। ਇਹ ਗਤੀ ਪਦਾਰਥ ਅੰਦਰਲੇ ਦਵੰਦ ਕਰਕੇ ਹੈ। ਇਸ ਕਰਕੇ ਹਰ ਚੀਜ਼ ਗਤੀਸ਼ੀਲ ਹੈ ਅਤੇ ਬੁਨਿਆਦੀ ਤੌਰ ਤੇ ਇਕ ਹੀ ਹੈ, ਊਰਜਾ ਹੀ ਹੈ, ਪਦਾਰਥ ਹੀ ਹੈ। ਚੇਤਨਾ ਹੀ ਹੈ। ਕੁਆਂਟਮ ਸਿਧਾਂਤ ਅਤੇ ਧਾਗਾ ਸਿਧਾਂਤ (ਸਟ੍ਰੀਂਗ ਥਿਊਰੀ) ਦੀ ਖੋਜ ਨੇ ਇਹ ਗੱਲ ਡੰਕੇ ਦੀ ਚੋਟ ਤੇ ਸਾਬਤ ਕਰ ਦਿਤੀ ਹੈ। ਜੀਵ ਵਿਗਿਆਨ ਵਿਚ ਡੀਐਨਏ ਅਤੇ ਜੀਨੋਮ ਦੀ ਖੋਜ ਨੇ ਵੀ ਇਹ ਗੱਲ ਸਾਫ ਕੀਤੀ ਹੈ ਕਿ ਸਾਰੀ ਸਰਿਸ਼ਟੀ ਦੀ ਹਰ ਸ਼ੈ ਇਕ ਹੀ ਪਦਾਰਥ ਅਤੇ ਊਰਜਾ ਦੇ ਬਣੇ ਹਨ, ਅਤੇ ਇਕੋ ਹੀ ਹਨ।

ਲੇਕਿਨ ੧੭ਵੀਂ ਅਤੇ ੧੮ਵੀਂ ਸਦੀ ਵਿਚ ਉਤਪੰਨ ਹੋਇਆ ਯੂਰਪੀਅਨ ਲਿਬਰਲਿਜ਼ਮ ਮਨੁੱਖਤਾ ਦੀ ਇਸ ਬੁਨਿਆਦੀ ਸਾਂਝ ਅਤੇ ਏਕੇ ਦੇ ਖ਼ਿਲਾਫ਼ ਸੀ। ਹੌਬਸ, ਲੌਕ ਅਤੇ ਰੂਸੋ ਨੇ ਇਹ ਕਿਹਾ ਕਿ ਜੰਗਲੀ ਜਾਨਵਰਾਂ ਵਾਂਗ ਇਨਸਾਨ ਵੀ ਇਕ ਦੂਜੇ ਨਾਲ ਮੁੱਢਲਾ ਵੈਰ ਰਖਦੇ ਹਨ। ਇਨਸਾਨ ਅਤੇ ਸਮਾਜ ਵਿਚ ਮੁੱਢਲਾ ਵੈਰ ਹੈ। ਇਸ ਕਰਕੇ ਇੱਥੇ ਹਰੇਕ ਦੀ ਹਰੇਕ ਨਾਲ ਲੜਾਈ ਹੈ ਅਤੇ ਇਸ ਜੰਗਲ ਵਿਚ, ਇਸ ਆਪਸੀ ਮੁਕਾਬਲੇ ਵਿਚ, ਤਕੜਾ ਹੀ ਬਚ ਸਕਦਾ ਹੈ ਅਤੇ ਤਕੜਿਆਂ ਨੂੰ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਜਿਹੜਾ ਇਸ ਵਹਿਸ਼ੀ ਮੁਕਾਬਲੇ ਵਿਚ ਬਚ ਨਹੀਂ ਸਕਦਾ ਉਸ ਬਾਰੇ ਫਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਮਨੁੱਖਤਾ ਦੇ ਸਾਰੇ ਵਸੀਲੇ ਅਤੇ ਸਾਧਨ ਤਕੜਿਆਂ ਦੇ ਹੱਥ ਵਿਚ ਦੇ ਦੇਣੇ ਚਾਹੀਦੇ ਹਨ ਇਸ ਵਿਚ ਹੀ ਭਲਾਈ ਹੈ। ਆਪਣੀ ਤਾਕਤ ਨਾਲ ਜੋ ਵੀ ਸਮਾਜ ਅਤੇ ਕੁਦਰਤ ਦੇ ਸਾਧਨ ਹਥਿਆ ਸਕਦਾ ਹੈ ਉਹ ਹੀ ਠੀਕ ਹੈ। ਜੇ ਕੋਈ ਕਮਜ਼ੋਰ ਜਾਂ ਗਰੀਬ ਹੈ ਤਾਂ ਇਹ ਉਹਦਾ ਆਪਣਾ ਮਸਲਾ ਹੈ। ਇਹ ਉਸ ਦੀ ਬਦਕਿਸਮਤੀ ਹੈ ਕਿ ਉਸ ਪਾਸ ਤਾਕਤ ਨਹੀਂ ਅਤੇ ਉਹ ਤਕੜਾ ਨਹੀਂ ਅਤੇ ਉਹ ਇਸ ਮੁਕਾਬਲੇ ਵਿਚ ਪਿੱਛੇ ਰਹਿ ਗਿਆ ਹੈ।ਸਮਾਜ ਨੂੰ ਇਸ ਬਾਰੇ ਫਿਕਰ ਕਰਨ ਦੀ ਲੋੜ ਨਹੀਂ। ਪੰਜਾਬੀ ਦਰਸ਼ਨ (ਫ਼ਲਸਫ਼ੇ) ਵਿਚ ਇਹੋ ਜਿਹੀ ਸੋਚ ਨੂੰ `ਮਤੱਸਿਆ ਨਿਆਏ` ਜਾਂ ਮੱਛੀਆਂ ਦਾ ਤੌਰ-ਤਰੀਕਾ ਕਿਹਾ ਗਿਆ ਸੀ ਜਿੱਥੇ ਵੱਡੀ ਮੱਛੀ ਛੋਟੀ ਮੱਛੀ ਨੂੰ ਖਾ ਜਾਂਦੀ ਹੈ। ਪੰਜਾਬ ਦੇ ਸਿਆਣਿਆਂ ਬਜ਼ੁਰਗਾਂ ਨੇ ਇਹਨੂੰ ਬੇਇਨਸਾਫ਼ੀ ਕਹਿ ਕੇ ਭੰਡਿਆ ਅਤੇ ਸਰਬੱਤ ਦੇ ਭਲੇ ਦਾ ਹੋਕਾ ਦਿੱਤਾ ਸੀ।

ਯੂਰਪੀ ਬਿਰਲਵਾਦ ਦਾ ਨਜ਼ਰੀਆ ਲੋਟੂਆਂ ਦਾ ਨਜ਼ਰੀਆ ਸੀ ਅਤੇ ਇਸ ਨਜ਼ਰੀਏ ਅਤੇ ਲੁੱਟ ਦੇ ਖਿਲਾਫ਼ ਯੂਰਪ ਵਿਚ ਇਕ ਜ਼ਬਰਦਸਤ, ਸਮਾਜੀ, ਸਿਧਾਂਤਕ ਅਤੇ ਸਿਆਸੀ ਜੱਦੋ-ਜਹਿਦ ਚੱਲੀ ਤੇ ਇਕ ਵਿਸ਼ਾਲ ਲਹਿਰ ਉਭਰੀ। ਮਜ਼ਦੂਰ ਜਮਾਤ, ਰੌਸ਼ਨ ਖਿਆਲ ਲੋਕ ਅਤੇ ਹੋਰ ਦੱਬੇ ਕੁਚਲੇ ਲੋਕਾਂ ਦੀ ਇਹ ਲਹਿਰ ਹਰ ਪਾਸੇ ਛਾ ਗਈ। ੧੯ਵੀਂ ਸਦੀ ਵਿਚ ਮਾਰਕਸ ਅਤੇ ਐਂਗਲਜ਼ ਇਸ ਲਹਿਰ ਦੇ ਆਗੂ ਸੀ।

ਉਨ੍ਹਾਂ ਨੇ ਇਸ ਬੁਰਜਵਾ ਨਜ਼ਰੀਏ ਨੂੰ ਮੁਕੰਮਲ ਤੌਰ ਤੇ ਰੱਦ ਕੀਤਾ ਅਤੇ ਦੱਸਿਆ ਕਿ ਸਮਾਜ ਜਮਾਤਾਂ ਵਿਚ ਵੰਡੇ ਹੋਣ ਕਰਕੇ ਲੋਟੂ ਜਮਾਤਾਂ, ਸਰਮਾਏਦਾਰ ਅਤੇ ਉਨ੍ਹਾਂ ਦਾ ਹਿਮਾਇਤੀ ਜਗੀਰਦਾਰ ਤਬਕਾ ਆਪਣੇ ਮੁਫ਼ਾਦਾਂ ਲਈ, ਮਨੁੱਖੀ ਤੇ ਕੁਦਰਤੀ ਸੋਮਿਆਂ ਲਈ, ਅਤੇ ਮੰਡੀ ਤੇ ਕਬਜ਼ਾ ਕਰਨ ਲਈ ਮਜ਼ਦੂਰਾਂ ਅਤੇ ਹੋਰ ਕਿਰਤੀਆਂ ਵਿਚ ਮੁਕਾਬਲਾ ਅਤੇ ਵੈਰ ਖੜਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਲਿਬਰਲਿਜ਼ਮ ਦਾ ਇਹ ਨਜ਼ਰੀਆ ਸਮਾਜ ਵਿਚ ਲੁੱਟ ਦੇ ਰਿਸ਼ਤਿਆਂ ਦੀ ਹੀ ਇਕ ਝਲਕ ਹੈ ਅਤੇ ਇਹ ਨਵੀਂ ਲੋਟੂ ਜਮਾਤ ਬੁਰਜਵਾਜ਼ੀ ਦਾ ਨਜ਼ਰੀਆ ਹੈ। ਇਹ ਬੁਰਜਵਾਜ਼ੀ ਆਪਸੀ ਮੁਕਾਬਲੇ ਰਾਹੀਂ ਹੀ ਮੰਡੀ ਵਿਚ ਕਾਮਯਾਬ ਹੋ ਸਕਦੀ ਹੈ ਅਤੇ ਆਪਣੇ ਮੁਨਾਫ਼ੇ ਵਧਾ ਸਕਦੀ ਹੈ। ਇਸ ਲਈ ਇਹ ਲੋਟੂ ਜਮਾਤ ਯੂਰਪੀਅਨ ਲਿਬਰਲਿਜ਼ਮ ਦੇ ਨਜ਼ਰੀਏ  ਅਤੇ ਇਹਦੇ ਆਧਾਰ ਤੇ ਬਣੇ ਹੋਏ ਅਦਾਰਿਆਂ ਦੀ ਹਾਮੀ ਅਤੇ ਮੋਢੀ ਹੈ। ਉਨ੍ਹਾਂ ਇਹ ਵੀ ਦਸਿਆ ਕਿ ਇਸ ਤਰਾਂ ਵੰਡੇ ਹੋਏ ਸਮਾਜ ਵਿਚ ਸਾਰੇ ਅਦਾਰੇ ਅਤੇ ਖ਼ਾਸ ਤੌਰ ਤੇ ਰਾਜ ਤੰਤ੍ਰ ਹਾਕਮ ਜਮਾਤਾਂ ਦੇ ਹੱਥ ਵਿਚ ਹੀ ਹੁੰਦੇ ਹਨ ਜੋ ਮਨੁਖ ਦੀ ਮਨੁਖ ਤੋਂ ਲੁਟ ਕਰਾਉਣ ਲਈ ਵਰਤੇ ਜਾਂਦੇ ਹਨ ਸਰਬੱਤ ਦੇ ਭਲੇ ਲਈ ਜਾਂ ਮਨੁੱਖਤਾ ਦੀ ਏਕਤਾ ਲਈ ਨਹੀਂ। ਮਜ਼ਦੂਰ ਜਮਾਤ ਹੀ ਇਸ ਲੁੱਟ ਖਸੁੱਟ ਨੂੰ ਖਤਮ ਕਰਕੇ ਇਕ ਨਵਾਂ ਸਮਾਜ ਉਸਾਰ ਸਕਦੀ ਹੈ ਅਤੇ ਇਹ ਜਮਾਤ ਹੀ ਸਭਨਾਂ ਦੇ ਹੱਕਾਂ ਦੀ ਅਤੇ ਮਨੁੱਖਤਾ ਦੀ ਏਕਤਾ ਦੀ ਝੰਡਾਬਰਦਾਰ ਹੈ। ਮਾਰਕਸ ਨੇ ਕਿਹਾ ਕਿ ਮਜ਼ਦੂਰ ਜਮਾਤ ਹੀ ਉਹ ਨਵੇ ਰਿਸ਼ਤੇ ਕਾਇਮ ਕਰ ਸਕਦੀ ਹੈ ਜੋ ਖ਼ੂਨ ਜਾਂ ਜਮਾਤ ਦੀ ਬੁਨਿਆਦ ਤੇ ਨਹੀਂ ਬਲਕਿ ਮਨੁੱਖਤਾ ਉਤੇ ਆਧਾਰਤ ਹੋਣ। ਉਹਨੇ ਕਿਹਾ ਕਿ ਮਨੁੱਖੀ ਸਮਾਜ ਕਾਇਮ ਕਰਨਾ ਮਜ਼ਦੂਰ ਜਮਾਤ ਦੀ ਤਾਰੀਖ਼ੀ ਲੋੜ ਹੈ। ਇਹ ਨਵੀਂ ਦੁਨੀਆ ਅਤੇ ਸਮਾਜ ਹੀ ਮਨੁੱਖਤਾ ਦੀ ਏਕਤਾ ਨੂੰ ਇਕ ਵਾਰ ਫਿਰ ਨਵੀਂ ਉਸਾਰੀ ਨਾਲ ਬਰਕਰਾਰ ਕਰ ਸਕਦੇ ਹਨ। ਸਿਰਫ਼ ਮਜ਼ਦੂਰ ਜਮਾਤ ਹੀ ਤਮਾਮ ਮਨੁੱਖਤਾ ਦੇ ਹੱਕਾਂ ਦੀ ਰਾਖੀ ਕਰ ਸਕਦੀ ਹੈ। ਬਾਕੀ ਸਾਰੀਆਂ ਜਮਾਤਾਂ ਦਾ ਘੋਲ ਇਕ ਹੱਦ ਤਕ ਮਹਿਦੂਦ ਹੈ। ਮਜ਼ਦੂਰ ਜਮਾਤ ਦਾ ਘੋਲ ਸਾਰੀ ਮਨੁੱਖਤਾ ਦੀ ਮੁਕਤੀ ਦਾ ਘੋਲ ਹੈ। ਮਜ਼ਦੂਰ ਜਮਾਤ ਹੋਰਨਾਂ ਸਾਰਿਆਂ ਦੱਬੇ ਕੁਚਲੇ ਲੋਕਾਂ ਨੂੰ ਮੁਕਤ ਕਰਾਏ ਬਿਨਾਂ ਆਪਣੀ ਮੁਕਤੀ ਨਹੀਂ ਕਰਾ ਸਕਦੀ। ਇਸ ਲਈ ਮਜ਼ਦੂਰ ਜਮਾਤ ਦਾ ਨਜ਼ਰੀਆ ਮਨੁੱਖਤਾ ਦੇ ਘੋਲ ਅਤੇ ਇਹਦੀ  ਏਕਤਾ  ਦੀ ਹੀ ਝਲਕ ਹੈ। ਇਸ ਲਈ ਇਹਦਾ ਨਾਅਰਾ ਹੈ "ਇਕ ਸਭ ਲਈ ਅਤੇ ਸਭ ਇਕ ਲਈ।"

ਅੰਗਰੇਜ਼ਾਂ ਨੇ ਹਿੰਦੁਸਤਾਨ ਅਤੇ ਪੰਜਾਬ ਤੇ ਕਬਜ਼ਾ ਕਰਕੇ ਅਪਣੀ ਲੁੱਟ-ਖਸੁਟ ਤੇ ਅਜਾਰੇਦਾਰੀ ਕਾਇਮ ਕਰਨ ਲਈ ਸਾਰੇ ਅਦਾਰੇ ਅਤੇ ਰਾਜ ਪ੍ਰਣਾਲੀ ਲਿਬਰਲਵਾਦ ਦੇ ਆਧਾਰ ਤੇ ਕਾਇਮ ਕੀਤੇ। ਉਨ੍ਹਾਂ ਦੀ `ਪਾੜੋ ਤੇ ਰਾਜ ਕਰੋ` ਦੀ ਨੀਤੀ ਇਸ ਲਿਬਰਲਵਾਦ ਅਤੇ ਇਨ੍ਹਾਂ ਦੇ ਸਾਰੇ ਅਦਾਰਿਆਂ ਦਾ ਇਕ ਅਟੁੱਟ ਅੰਗ ਸੀ। ੧੯੪੭ ਵਿਚ ਹਿੰਦੁਸਤਾਨ ਦੀ ਵੰਡ ਦੇ ਬਾਅਦ ਵੀ ਅੰਗਰੇਜ਼ਾਂ ਦੇ ਅਦਾਰੇ ਅਤੇ ਰਾਜ ਤੰਤ੍ਰ, ਜਿਹਦਾ ਸਿਆਸੀ ਅਤੇ ਸਿਧਾਂਤਕ ਆਧਾਰ ਯੂਰਪੀਅਨ ਲਿਬਰਲਿਵਾਦ ਸੀ, ਉਂਜ ਹੀ ਬਰਕਰਾਰ ਰਹੇ। ਹਿੰਦੁਸਤਾਨ ਦਾ ਜਾਂ ਸੰਵਿਧਾਨ ਵੀ ਇਸੇ ਆਧਾਰ ਦੇ ਬਣਿਆ ਸੀ। ਪੰਜਾਬ ਦੀ ਵੰਡ ਵੀ ਇਸ ਯੂਰਪੀਅਨ ਲਿਬਰਲ ਨਜ਼ਰੀਏ ਦੇ ਆਧਾਰ ਤੇ ਕੀਤੀ ਗਈ ਸੀ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ ਨੇ ਅੱਜ ਤੱਕ ਪੰਜਾਬੀ ਨਜ਼ਰੀਏ ਦੀ ਬਜਾਏ ਯੂਰਪੀਅਨ ਲਿਬਰਲਵਾਦ ਦੇ ਨਜ਼ਰੀਏ ਤੋਂ ਸੇਧ ਲੈ ਕੇ ਹੀ ਆਪਣੀਆਂ ਸਾਰੀਆਂ ਕਾਰਵਾਈਆਂ ਕੀਤੀਆਂ ਹਨ। ਪੰਜਾਬੀ ਦਰਸ਼ਨ ਅਤੇ ਆਧੁਨਿਕ ਵਿਗਿਆਨ ਦੀ ਬੁਨਿਆਦੀ ਸੇਧ `**ਮਾਨਸ ਕੀ ਜਾਤ ਸਭੈ ਇਕ ਹੀ ਪਹਿਚਾਨਵੋ**` ਅਤੇ `**ਸਰਬੱਤ ਦੇ ਭਲੇ**` ਦੀ ਥਾਂ ਬਸਤੀਵਾਦੀ ਲਿਬਰਲ ਨਜ਼ਰੀਆ ਅਤੇ ਅਦਾਰੇ ਜਾਰੀ ਰੱਖੇ ਤੇ ਹੋਰ ਤਕੜੇ ਕੀਤੇ।

ਦੁਨੀਆ ਦੀ ਦੋ ਧਰੁਵੀ ਵੰਡ ਖ਼ਤਮ ਹੋ ਜਾਣ ਦੇ ਬਾਅਦ ਅਮਰੀਕਨ ਸਾਮਰਾਜੀਆਂ ਦਾ ਪੂਰਾ ਜ਼ੋਰ ਹੈ ਕਿ ਨਵਲਿਬਰਲਵਾਦ ਦੇ ਆਧਾਰ ਉਤੇ ਉਹ ਆਪਣੀ ਦਾਦਾਗਿਰੀ ਅਤੇ ਅਜਾਰੇਦਾਰੀ ਪੂਰੀ ਦੁਨੀਆ ਉਤੇ ਠੋਸ ਕੇ ਇਕ-ਧਰੁਵੀ ਦੁਨੀਆ ਕਾਇਮ ਕਰ ਲੈਣ। ਇਹਦੇ ਖ਼ਿਲਾਫ਼ ਦੁਨੀਆ ਦੇ ਲੋਕਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਅਮਰੀਕਨ ਸਾਮਰਾਜੀਏ ਆਪਣੇ ਘਿਨਾਉਣੇ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਲੋਕਾਂ ਨੂੰ ਮਜ਼ਹਬ, ਨਸਲ, ਕੌਮ, ਅਕੀਦੇ, ਸਿਆਸਤ, ਪਾਰਟੀ ਅਤੇ ਹੋਰਨਾਂ ਗੱਲਾਂ ਦੇ ਆਧਾਰ ਤੇ ਵੰਡ ਕੇ ਉਨ੍ਹਾਂ ਦੀ ਏਕਤਾ ਭੰਗ ਕਰਨਾ ਚਾਹੁੰਦੇ ਹਨ। ਦੁਨੀਆ ਦੇ ਮਜ਼ਦੂਰਾਂ ਅਤੇ ਪਸਮਾਂਦਾ ਲੋਕਾਂ ਨੇ ਇਸ ਧੌਂਸ ਦੇ ਖ਼ਿਲਾਫ਼, ਜੰਗ ਅਤੇ ਜ਼ੁਲਮ ਦੇ ਖ਼ਿਲਾਫ਼ ਅਤੇ ਇਸ ਨਵ-ਲਿਬਰਲਵਾਦ ਦੇ ਖ਼ਿਲਾਫ਼ `***ਇਕ ਮਨੁੱਖਤਾ ਇਕ ਸੰਘਰਸ਼***` ਦਾ ਨਾਅਰਾ ਬੁਲੰਦ ਕੀਤਾ ਹੈ ਅਤੇ ਅਮਰੀਕਨ ਅਤੇ ਹੋਰਨਾਂ ਸਾਮਰਾਜੀਆਂ ਦੀ ਸਾਜ਼ਿਸ਼ਾਂ ਦੇ ਖ਼ਿਲਾਫ਼ ਪੁਰਜ਼ੋਰ ਜੱਦੋ-ਜਹਿਦ ਕਰਕੇ ਲੁੱਟ-ਖਸੁੱਟ ਤੇ ਜਬਰ ਰਹਿਤ ਇਕ ਹੋਰ ਦੁਨੀਆ ਕਾਇਮ ਕਰਨ ਦਾ ਹੋਕਾ ਦਿਤਾ ਹੈ।

**ਮਾਨਸ ਕੀ ਜਾਤ ਸਭੈ ਇਕ ਹੀ ਪਹਿਚਾਨਵੋ** ਅਤੇ **ਸਰਬੱਤ ਦਾ ਭਲਾ** ਦੇ ਅਸੂਲਾਂ ਨੂੰ ਪਛਾਨਣਾ ਤੇ ਅੱਗੇ ਲਿਜਾਣਾ ਅੱਜ ਵਕਤ ਦੀ ਲੋੜ ਹੈ ਤੇ ਮਜ਼ਦੂਰ ਜਮਾਤ ਅਤੇ ਤਮਾਮ ਰੌਸ਼ਨ ਖ਼ਿਆਲ ਤੇ ਇਨਸਾਫ਼ਪਸੰਦ ਲੋਕਾਂ ਦਾ ਝੰਡਾ ਹੈ। ਇਹ ਰਾਹ ਸਭਨਾਂ ਦੇ ਹੱਕਾਂ ਦੀ ਰਾਖੀ ਦਾ ਰਾਹ ਹੈ। ਬਸਤੀਵਾਦੀ ਨਜ਼ਰੀਏ ਅਤੇ ਉਸ ਦੇ ਆਧਾਰ ਤੇ ਬਣੇ ਹੋਏ ਅਦਾਰਿਆਂ ਖ਼ਿਲਾਫ਼ ਅਤੇ ਲੋਕਾਂ ਦੀ ਲੁੱਟ ਖ਼ਿਲਾਫ਼ ਪੰਜਾਬੀ ਅਤੇ ਦੱਖਣੀ ਏਸ਼ੀਆ ਦੇ ਲੋਕਾਂ ਦੇ ਹੱਥ ਵਿਚ ਇਹ ਇਕ ਵੱਡਾ ਹਥਿਆਰ ਹੈ। ਇਹ ਸਾਡਾ ਸ਼ਸਤਰ ਅਤੇ ਸ਼ਾਸਤਰ ਹੈ। ਪੰਜਾਬ ਅਤੇ ਦੱਖਣੀ ਏਸ਼ੀਆ ਦੀ ਨਵੀਂ ਉਸਾਰੀ ਲਈ ਬਹੁਤ ਹੀ ਜ਼ਰੂਰੀ ਹੈ ਕਿ ਮਨੁੱਖ ਦੀ ਮਨੁੱਖ ਕੋਲੋਂ ਲੁੱਟ ਖ਼ਤਮ ਕਰਨ ਲਈ ਇਹ ਬੁਨਿਆਦੀ ਸਿਧਾਂਤ ਸਮਝਣਾਂ ਤੇ ਅੱਗੇ ਲਿਜਾਣਾ ਲਾਜ਼ਮੀ ਹੈ।